aglasem.com

FOR HARYANA CLASS 9 PREPARATION

HBSE Class 9 Sample Paper 2027 Punjabi

EXAM	YEAR	TYPE	SUBJECT
Haryana Class 9	2027	Sample Paper	Punjabi

ਮਾਡਲ ਪ੍ਰਸ਼ਨ ਪੱਤਰ

ਜਮਾਤ : ਨੌਵੀਂ

ਵਿਸ਼ਾ : ਪੰਜਾਬੀ

ਕੋਡ : 037 **ਸੈਸ਼ਨ : 2026-27**

ਸਮਾਂ : ਤਿੰਨ ਘੰਟੇ **ਕੁੱਲ ਅੰਕ : 80**

ਪੇਪਰ : ਸਾਲਾਨਾ

ਨੋਟ : 1. ਸਾਰੇ ਪ੍ਰਸ਼ਨ ਕਰਨੇ ਜਰੂਰੀ ਹਨ

2. ਪ੍ਰਸ਼ਨਾਂ ਵਿੱਚ ਅੰਦਰੂਨੀ ਚੋਣ ਵੀ ਦਿੱਤੀ ਗਈ ਹੈ। ਉਸ ਨੂੰ ਧਿਆਨ ਨਾਲ ਵੇਖ ਕੇ ਹੱਲ ਕੀਤਾ ਜਾਵੇ।

ਭਾਗ - (ੳ)

1. ਹੇਠ ਦਿੱਤੇ ਗਏ ਪੈਰੇ ਨੂੰ ਧਿਆਨ ਨਾਲ ਪੜ੍ਹੋ ਅਤੇ ਠੀਕ ਉੱਤਰ ਦੀ ਚੋਣ ਕਰੋ -

ਸਮਾਂ ਇੱਕ ਮਹਾਨ ਖ਼ਜਾਨਾ ਹੈ। ਅਮਰੀਕਾ ਤੇ ਜਪਾਨ ਵਿੱਚ ਮੀਂਹ ਹੋਵੇ, ਹਨੇਰੀ ਹੋਵੇ, ਠੰਢ ਹੋਵੇ, ਗਰਮੀ ਹੋਵੇ, ਅੱਠ ਘੰਟੇ ਹਰ ਕੋਈ ਡੱਟ ਕੇ ਕੰਮ ਕਰਦਾ ਹੈ। ਦਫ਼ਤਰਾਂ ਵਿੱਚ, ਖੇਤਾਂ ਵਿੱਚ, ਕਾਰਖਾਨਿਆਂ ਵਿੱਚ ਤਾਂ ਸਾਲ ਅੰਦਰ ਮਸਾਂ ਚਾਰ ਛੁੱਟੀਆਂ ਹੁੰਦੀਆਂ ਹਨ। ਸਾਡੇ ਦੇਸ਼ ਵਿੱਚ ਕਿੰਨੀਆਂ ਹੀ ਛੁੱਟੀਆਂ, ਕਿੰਨੇ ਥੋੜੇ ਕੰਮ, ਕਿੰਨਾ ਬੇਦਿਲਾ ਕੰਮ ਤੇ ਫਿਰ ਸਵੇਰੇ ਸ਼ਾਮ ਮੰਦਰਾਂ, ਗੁਰਦਵਾਰਿਆਂ ਵਿੱਚ ਭੀੜ, ਸਾਧੂ-ਸੰਤਾਂ ਦੀ ਨਿੱਤ ਫੇਰੀ, ਮਰਨੇ-ਜਮਣੇ ਤੇ ਵਿਆਹ। ਕਿਸੇ ਹੋਰ ਦੇਸ਼ ਵਿੱਚ ਇਹਨਾਂ ਗੱਲਾਂ ਉੱਤੇ ਸਮਾਂ ਬਰਬਾਦ ਨਹੀਂ ਕੀਤਾ ਜਾਂਦਾ। ਲਾਉਡ-ਸਪੀਕਰਾਂ ਉੱਤੇ ਧਰਮ ਨਹੀਂ ਵਹਿਮ-ਭਰਮ ਪ੍ਰਚਾਰੇ ਜਾਂਦੇ ਹਨ। ਹੋਰਨਾਂ ਦੇਸ਼ਾਂ ਵਿੱਚ ਭਾਵੇਂ ਕਿੰਨੀ ਵੀ ਬਰਫ਼ ਜੰਮੀ ਹੋਵੇ, ਕਾਮੇ ਪੂਰੇ ਅੱਠ ਵਜੇ ਕੰਮ 'ਤੇ ਪਹੁੰਚ ਜਾਂਦੇ ਹਨ। ਬਾਰਾਂ ਵਜੇ ਤੱਕ ਡਟ ਕੇ ਕੰਮ ਕੀਤਾ ਜਾਂਦਾ ਹੈ। ਇੱਕ ਘੰਟਾ ਵਿਚਕਾਰ ਖਾਣਾ ਖਾਂਦੇ ਹਨ ਅਤੇ ਪੰਜ ਵਜੇ ਤੀਕ ਅਣਥੱਕ ਮਿਹਨਤ ਹੁੰਦੀ ਹੈ। ਇਹੀ ਕਾਰਨ ਹੈ ਕਿ ਉਹਨਾਂ ਦੀ ਪੈਦਾਵਾਰ ਸਾਡੇ ਨਾਲੋਂ ਕਈ ਗੁਣਾ ਵਧੇਰੇ ਹੁੰਦੀ ਹੈ।

(i) ਪੈਰੇ ਵਿੱਚ ਕਿਹੜੇ-ਕਿਹੜੇ ਦੇਸ਼ਾਂ ਦੀ ਗੱਲ ਕੀਤੀ ਗਈ ਹੈ? 2

(ii) ਉਪਰੋਕਤ ਦੇਸ਼ਾਂ ਵਿੱਚ ਕਾਮਿਆਂ ਨੂੰ ਸਾਲ ਵਿੱਚ ਕਿੰਨੀਆਂ ਛੁੱਟੀਆਂ ਮਿਲਦੀਆਂ ਹਨ? 2

(iii) ਸਾਡੇ ਦੇਸ਼ ਵਿੱਚ ਕਿਹੜੀਆਂ ਗੱਲਾਂ ਵਿੱਚ ਵਧੇਰੇ ਸਮਾਂ ਬਰਬਾਦ ਕੀਤਾ ਜਾਂਦਾ ਹੈ? 2

(iv) ਪੈਰੇ ਦਾ ਢੁਕਵਾਂ ਸਿਰਲੇਖ ਲਿਖੋ। 1

2. ਹੇਠ ਲਿਖੀ ਕਾਵਿ-ਟੁਕੜੀ ਨੂੰ ਪੜ੍ਹ ਕੇ ਪ੍ਰਸ਼ਨਾਂ ਦੇ ਉੱਤਰ ਦਿਓ :

ਬੁਲਬੁਲ ਦਾ ਦਿਲ ਡੁੱਬਦਾ ਜਾਵੇ,

ਭੈੜੇ ਆਉਣ ਖਿਆਲ।

ਮੈਂ ਇੱਥੇ ਫ਼ਿਕਰਾਂ ਵਿੱਚ ਡੁਬੀ,

ਬੱਚੜੇ ਨੇ ਕਿਸ ਹਾਲ।

ਏਨੇ ਨੂੰ ਇੱਕ ਜੁਗਨੂੰ ਉੱਥੇ,

ਟਿਮਟਿਮਾਉਂਦਾ ਆਇਆ।

ਬੁਲਬੁਲ ਨੂੰ ਬੇਹਾਲ ਵੇਖ ਕੇ,

ਧੀਰੇ ਜਾ ਬੁਲਾਇਆ।

(i) ਬੁਲਬੁਲ ਦਾ ਦਿਲ ਕਿਉਂ ਡੁੱਬ ਰਿਹਾ ਸੀ? 1

(ii) ਟਿਮਟਿਮਾਉਂਦਾ ਉੱਥੇ ਕੌਣ ਆਇਆ? 1

(iii) ਬੁਲਬੁਲ ਦਾ ਕੀ ਹਾਲ ਸੀ? 1

3. ਹੇਠ ਦਿੱਤੇ ਗਏ ਬਹੁ-ਵਿਕਲਪੀ/ਛੋਟੇ ਉੱਤਰ ਵਾਲੇ ਪ੍ਰਸ਼ਨਾਂ ਦੇ ਉੱਤਰ ਧਿਆਨ ਨਾਲ ਪੜ੍ਹ ਕੇ ਦਿੱਤੇ ਜਾਣ :-

(i) ਨਾਂਵ ਕਿਸ ਨੂੰ ਕਹਿੰਦੇ ਹਨ? 1

(ii) 'ਸ਼ੇਰ ਗਰਜ਼ ਰਿਹਾ ਹੈ।' ਵਾਕ ਦਾ ਲਿੰਗ ਬਦਲੋ। 1

(iii) 'ਅੱਖ' ਸ਼ਬਦ ਦਾ ਬਹੁਵਚਨ ਕੀ ਹੋਵੇਗਾ? 1

(iv) ਸ਼ਾਬਾਸ਼ ! 'ਸਦਕੇ ਤੇਰੇ' ਕਿਹੜਾ ਵਿਸਮਿਕ ਹੈ? 1

(v) 'ਮੈਂ ਆਪਣੀ ਮਾਤਾ ਜੀ ਨੂੰ ਚਿੱਠੀ ਲਿਖੀ' ਇਸ ਵਾਕ ਵਿੱਚ ਕਿਹੜਾ ਕਾਲ ਹੈ? 1

(vi)'ਸੂਰਜ ਪਤੰਗ ਉਡਾ ਰਿਹਾ ਹੈ।' ਵਿਚ ਕਿਹੜੀ ਕਿਰਿਆ ਹੈ? 1

(vii)'ਕਿਰਿਆ ਵਿਸ਼ੇਸ਼ਣ' ਦੀਆਂ ਕਿੰਨੀਆਂ ਕਿਸਮਾਂ ਹੁੰਦੀਆਂ ਹਨ? 1

(viii) 'ਨੂੰ', 'ਨੇ', 'ਤੋਂ', 'ਰਾਹੀਂ', 'ਲਈ' ਕਿਹੜੇ ਸੰਬੋਧਕ ਹਨ? 1

(A) ਪੂਰਨ (B) ਅਵਿਕਾਰੀ

(C) ਦੁਬਾਜਰੇ (D) ਵਿਕਾਰੀ

(ix) ਵਾਕ ਵਿੱਚ ਕੰਮ ਕਰਨ ਵਾਲੇ ਨਾਂਵ ਜਾਂ ਪੜਨਾਂਵ ਨੂੰ ਕੀ ਕਿਹਾ ਜਾਂਦਾ ਹੈ? 1

(A) ਕਰਨ-ਕਾਰਕ (B) ਕਰਮ-ਕਾਰਕ

(C) ਕਰਤਾ-ਕਾਰਕ (D) ਸੰਬੰਧ-ਕਾਰਕ

(x) 'ਸੱਚ' ਸ਼ਬਦ ਦਾ ਵਿਰੋਧੀ ਸ਼ਬਦ ਹੈ? 1

(A) ਝੂਠ (B) ਘਟੀਆਪਣ

(C) ਸੱਚਾ (D) ਸੱਚਾਈ

(xi) ਸ਼ੁੱਧ ਸ਼ਬਦ ਚੁਣੋ : 1

(A) ਦੋਪੇਹਰ (B) ਦਪਿਹਰ

(C) ਦੂਪੈਰ (D) ਦੁਪਹਿਰ

(xii) ਹੇਠ ਲਿਖਿਆ ਵਿਚੋਂ ਯੋਜਕ ਚੁਣੋ : 1

(A) ਤੇ, ਅਤੇ, ਪਰ, ਕਿਉਂਕਿ, ਜਿਹੜਾ (B) ਨੂੰ, ਨਾਲ

(C) ਦਾ, ਦੇ,ਦੀ (D) ਕਦੋਂ, ਕਿੱਥੇ

(xiii)ਹੇਠਾਂ ਦਿੱਤੇ ਗਏ ਮੁਹਾਵਰਿਆਂ ਵਿਚੋਂ ਕਿਸੇ ਤਿੰਨ ਦੇ ਵਾਕਾਂ ਵਿੱਚ ਵਰਤ ਕੇ ਅਰਥ ਸਪਸ਼ਟ ਕਰੋ : 1x3 = 3

ਉੱਨੀ ਇੱਕੀ ਦਾ ਫ਼ਰਕ, ਚੜ੍ਹਦੀ ਕਲਾ ਵਿੱਚ ਰਹਿਣਾ, ਅੱਖਾਂ ਮੀਟ ਜਾਣਾ, ਵਾਲ ਵਿੰਗਾ ਨਾ ਕਰਨਾ, ਦਾਲ ਨਾ ਗਲਣੀ

4. ਕਿਸੇ ਇੱਕ ਵਿਸ਼ੇ ਉੱਤੇ 150-200 ਸ਼ਬਦਾਂ ਵਿੱਚ ਲੇਖ ਲਿਖੋ : 5

(i) ਸ੍ਰੀ ਗੁਰੂ ਨਾਨਕ ਦੇਵ ਜੀ

ਨੁਕਤੇ – ਭੂਮਿਕਾ, ਜਨਮ ਅਤੇ ਬਚਪਨ, ਕਰਮ ਕਾਂਡਾਂ ਦਾ ਖੰਡਨ, ਸੱਚਾ ਸੌਦਾ, ਵੇਈ ਨਦੀ ਵਿੱਚ ਪ੍ਰਵੇਸ਼, ਗ੍ਰਹਿਸਤੀ ਜੀਵਨ, ਚਾਰ ਉਦਾਸੀਆਂ, ਮਹਾਨ ਸਾਹਿਤਕਾਰ।

(ii) ਵਿਦਿਆਰਥੀਆਂ ਵਿੱਚ ਮੋਬਾਇਲ ਦਾ ਜਨੂੰਨ

ਨੁਕਤੇ – ਜਾਣ-ਪਛਾਣ, ਵਿਦਿਆਰਥੀ ਵਰਗ ਵਿੱਚ ਮੋਬਾਇਲ ਫ਼ੋਨ ਦੀ ਵਰਤੋਂ, ਮਨ-ਲੁਭਾਊ ਗੇਮਾਂ, ਗੀਤ-ਸੰਗੀਤ, ਵਾਈ-ਫ਼ਾਈ ਦੀ ਸਹੂਲਤ, ਸਮੇਂ ਦੀ ਬਰਬਾਦੀ, ਨਿੱਜੀ ਜਾਣਕਾਰੀ ਸਾਂਝੀ ਕਰਨ ਦੇ ਨੁਕਸਾਨ, ਪੜ੍ਹਾਈ ਵਿਚ ਇਕਾਗਰਤਾ ਦਾ ਨਾ ਬਣਨਾ, ਸਾਰਾਂਸ਼।

(iii) ਪਾਣੀ ਦੀ ਮਹੱਤਤਾ ਅਤੇ ਸੰਭਾਲ

ਨੁਕਤੇ – ਭੂਮਿਕਾ, ਪਾਣੀ ਦਾ ਸਾਧਨ, ਵਰਖਾ ਦਾ ਪਾਣੀ, ਧਰਤੀ ਤੇ ਹੇਠਲਾ ਪਾਣੀ, ਸਮੁੰਦਰਾਂ ਨਦੀਆਂ ਦਾ ਪਾਣੀ, ਪਾਣੀ ਦੀ ਵਰਤੋਂ, ਪਾਣੀ ਦੀ ਘਟ ਆਉਣ ਦੇ ਕਾਰਨ, ਪਾਣੀ ਦੀ ਸੰਭਾਲ, ਸਾਰਾਂਸ਼।

5. ਤੁਹਾਡੇ ਚਾਚਾ ਜੀ ਨੇ ਤੁਹਾਡੇ ਜਨਮ-ਦਿਨ 'ਤੇ ਕੋਈ ਤੋਹਫ਼ਾ ਭੇਜਿਆ ਹੈ। ਚਿੱਠੀ ਲਿਖ ਕੇ ਚਾਚਾ ਜੀ ਦਾ ਧੰਨਵਾਦ ਕਰੋ। 5

ਨੁਕਤੇ – ਜਨਮ-ਦਿਨ 'ਤੇ ਤੋਹਫ਼ ਮਿਲਨਾ ਸੁੰਦਰ ਘੜੀ, ਘੜੀ ਦੀ ਲੋੜ, ਸਾਰੇ ਕੰਮ ਸਮੇਂ ਸਿਰ ਕਰਨੇ, ਤੋਹਫ਼ੇ ਲਈ ਧੰਨਵਾਦ, ਮਿਲਨ ਆਵੇ।

ਜਾਂ

ਆਪਣੇ ਸਕੂਲ ਦੇ ਪ੍ਰਿੰਸੀਪਲ ਨੂੰ ਆਚਰਨ ਸਰਟੀਫਿਕੇਟ ਲੈਣ ਲਈ ਬਿਨੈ-ਪੱਤਰ ਲਿਖੋ।

ਨੁਕਤੇ – ਸਕੂਲ ਦਾ ਵਿਦਿਆਰਥੀ, ਪਿਤਾ ਜੀ ਦੀ ਬਦਲੀ ਦਿੱਲੀ, ਸਾਰੇ ਪਰਿਵਾਰ ਦਾ ਦਿੱਲੀ ਜਾਣਾ, ਮਜ਼ਬੂਰੀ ਵਿੱਚ ਸਕੂਲ ਛੱਡਣਾ, ਦਿੱਲੀ ਦਾਖ਼ਲਾ ਲੈਣਾ, ਸਕੂਲ ਛੱਡਣ ਦਾ ਤੇ ਆਚਰਨ ਸਰਟੀਫ਼ਿਕੇਟ ਦੀ ਲੋੜ, ਹੋਣਹਾਰ ਵਿਦਿਆਰਥੀ।

6. ਹੇਠ ਦਿੱਤੇ ਚਿੱਤਰ/ਦ੍ਰਿਸ਼ ਵਿਚ ਤੁਸੀਂ ਜੋ ਕੁਝ ਵੇਖਦੇ ਤੇ ਅਨੁਭਵ ਕਰਦੇ ਹੋ, ਉਸ ਨੂੰ 50 ਸ਼ਬਦਾਂ ਵਿੱਚ ਵਰਣਨ ਕਰੋ : 5



ਭਾਗ - (ਅ)

7. ਹੇਠ ਲਿਖੇ ਵਿੱਚੋਂ ਕਿਸੇ ਇਕ ਕਾਵਿ-ਟੋਟੇ ਦੀ ਪ੍ਰਸੰਗ ਦੱਸ ਕੇ ਵਿਆਖਿਆ ਕਰੋ : 3

ਰਹੀ ਵਾਸਤੇ ਘੱਤ,
‘ਸਮੇਂ’ ਨੇ ਇੱਕ ਨਾ ਮੰਨੀ।
ਫੜ ਫੜ ਰਹੀ ਧਰੀਕ,
‘ਸਮੇਂ’ ਖਿਸਕਾਈ ਕੰਨੀ।

4

ਕਿਵੇਂ ਨਾ ਸੱਕੀ ਰੋਕ,
ਅਟਕ ਜੋ ਪਾਈ, ਭੰਨੀ।
ਤ੍ਰਿਖੇ ਆਪਣੇ ਵੇਗ
ਗਿਆ ਟੱਪ ਬੰਨੇ-ਬੰਨੀ।

ਜਾਂ

ਕੱਲ੍ਹ ਮੇਰੇ ਕੋਲ ਵੱਸਦੇ, ਅੱਜ ਨਜ਼ਰ ਕਿਤੇ ਨਾ ਆਂਦੇ।
ਨਿੱਕੇ-ਨਿੱਕੇ ਓਦਰੇ ਹੋਏ, ਕੀਹਨੂੰ ਹੋਣਗੇ ਦਰਦ ਸੁਣਾਂਦੇ।
ਵੇ ਲੱਭ ਤੇ ਸਹੀ 'ਨੂਰਪੂਰੀ', ਮੇਰੇ ਨੈਣਾਂ ਨੂੰ ਨੀਂਦ ਨਾ ਆਵੇ।
ਅੱਧੀ ਰਾਤੀਂ ਮਾਂ ਗੁਜਰੀ, ਬੈਠੀ ਘੋੜੀਆਂ ਚੰਦਾ ਦੀਆਂ ਗਾਵੇ॥

8. ਹੇਠ ਲਿਖੇ ਪ੍ਰਸ਼ਨਾਂ ਵਿਚੋਂ ਕਿਸੇ ਇਕ ਦਾ ਉੱਤਰ 30-35 ਸ਼ਬਦਾਂ ਦੇ ਵਿੱਚ ਦਿਓ - 3

(i) 'ਵਹਿਮੀ ਤਾਇਆ' ਲੇਖ ਲਿਖਣ ਦਾ ਕੀ ਉਦੇਸ਼ ਹੈ? ਸੰਖੇਪ ਤੇ ਢੁਕਵਾਂ ਉੱਤਰ ਦਿਓ।

(ii) ਲੇਖਕ ਦੇ ਬਚਪਨ ਦਾ ਜੀਵਨ ਕਿਹੋ-ਜਿਹਾ ਸੀ? (ਬੇਬੇ ਜੀ)

9. ਹੇਠ ਲਿਖੇ ਅਤਿ ਛੋਟੇ / ਬਹੁ-ਵਿਕਲਪੀ ਪ੍ਰਸ਼ਨਾਂ ਦੇ ਸਹੀ ਉੱਤਰ ਲਿਖੋ - 1x6 = 6

(i) ਕਣਕਾਂ ਕਿਹੜੇ ਦੇਸੀ ਮਹੀਨੇ ਪੱਕਦੀਆਂ ਹਨ?

(ii) ਫੀਰੋਜ਼ਦੀਨ ਸ਼ਰਫ਼ ਦਾ ਕਿਸ ਬੋਲੀ ਨਾਲ ਪਿਆਰ ਸੀ?

(iii) ਚੌਧਰੀ ਗ਼ੁਲਾਮ ਮੁਹੰਮਦ ਦੇ ਲੜਕੇ ਦਾ ਕੀ ਨਾਂ ਸੀ?

(iv) 'ਵਿਸਾਖੀ ਦਾ ਮੇਲਾ' ਕਵਿਤਾ ਕਿਸ ਕਵੀ ਦੀ ਰਚਨਾ ਹੈ?

(A) ਭਾਈ ਵੀਰ ਸਿੰਘ (B) ਵਿਧਾਤਾ ਸਿੰਘ ਤੀਰ

(C) ਧਨੀਰਾਮ ਚਾਤ੍ਰਿਕ (D) ਨੰਦ ਲਾਲ ਨੂਰਪੁਰੀ

(v) 'ਖੁਸ਼ੀਆਂ ਆਪੇ ਨਹੀਂ ਆਉਂਦੀਆਂ' ਪਾਠ ਦੇ ਲੇਖਕ ਕੌਣ ਹਨ?

(A) ਸੂਬਾ ਸਿੰਘ (B) ਡਾ. ਹਰਪਾਲ ਸਿੰਘ ਪਨੂੰ

(C) ਡਾ. ਟੀ.ਆਰ. ਸ਼ਰਮਾ (D) ਬਲਰਾਜ ਸਾਹਣੀ

(vi) ਬਲਰਾਜ ਸਾਹਨੀ ਦਾ ਮੁੱਖ ਕਿੱਤਾ ਕਿਹੜਾ ਸੀ?

(A) ਅਧਿਆਪਨ (B) ਐਕਟਿੰਗ

(C) ਸਾਹਿਤਕਾਰੀ (D) ਪੱਤਰਕਾਰੀ

10. ਹੇਠ ਲਿਖੇ ਪ੍ਰਸ਼ਨਾਂ ਦੇ ਵਿੱਚੋਂ ਕਿਸੇ ਚਾਰ ਪ੍ਰਸ਼ਨਾਂ ਦੇ ਉੱਤਰ 20-25 ਸ਼ਬਦਾਂ ਵਿਚ ਲਿਖੋ - 2x4 = 8

(i) 'ਮੈਂ ਪੰਜਾਬੀ' ਕਵਿਤਾ ਦਾ ਕੇਂਦਰੀ ਭਾਵ ਲਿਖੋ।

(ii) ਸਾਡੇ ਜੀਵਨ ਦੀ ਸਫਲਤਾ ਵਿੱਚ ਸਮੇਂ ਦਾ ਕੀ ਮਹੱਤਵ ਹੈ?

(iii) ਤਾਏ ਮਨਸਾ ਰਾਮ ਨੇ ਟੈਟੱਨਸ ਦਾ ਟੀਕਾ ਕਿਉਂ ਲਗਵਾਇਆ?

(iv) ਚੌਧਰੀ ਗੁਲਾਮ ਮੁਹੰਮਦ ਦਾ ਲੇਖਕ ਨਾਲ ਕੀ ਰਿਸ਼ਤਾ ਸੀ?

(v) ਲੇਖਕ ਬੇਬੇ ਨੂੰ ਭਾਸ਼ਾ ਦੀ ਟਕਸਾਲ ਕਿਉਂ ਕਹਿੰਦਾ ਹੈ?

11. ਹੇਠ ਲਿਖੀ ਕਹਾਣੀਆਂ ਵਿਚੋ ਕਿਸੇ ਇਕ ਕਹਾਣੀ ਦਾ ਸਾਰ (30-35 ਸ਼ਬਦਾਂ ਵਿਚ) ਲਿਖੋ - 3

(i) ਸਾਂਝੀ ਕੰਧ

(ii) ਬੱਸ ਕੰਡਕਟਰ

12. ਹੇਠ ਲਿਖੇ ਪਾਤਰਾਂ ਵਿਚੋਂ ਕਿਸੇ ਇਕ ਦਾ ਪਾਤਰ ਚਿਤਰਣ ਕਰੋ। 3

(i) ਬੀਜੀ

(ii) ਮੌਨਧਾਰੀ

13. ਹੇਠਾਂ ਦਿੱਤੇ ਗਏ ਪ੍ਰਸ਼ਨਾਂ ਵਿਚੋਂ ਕੋਈ ਚਾਰ ਪ੍ਰਸ਼ਨਾਂ ਨੂੰ (20-25 ਸ਼ਬਦਾਂ ਵਿਚ) ਹਲ ਕਰੋ - 2x4 = 8

(i) ਜੁਗਲ ਪ੍ਰਸ਼ਾਦ ਅੰਗਰੇਜ਼ੀ ਸਕੂਲਾਂ ਨੂੰ ਵਧੀਆ ਕਿਉਂ ਸਮਝਦਾ ਸੀ?

(ii) ਦਰਬਾਰਾ ਸਿੰਘ ਨੂੰ ਕਪੂਰ ਸਿੰਘ ਨਾਲ ਕੰਧ ਸਾਂਝੀ ਕਰਨ ਦੀ ਲੋੜ ਕਿਉਂ ਨਹੀਂ ਸੀ?

(iii) ਪਾਲੀ ਕੀ ਕੰਮ ਕਰਦੀ ਸੀ? ਉਹ ਰੋਜ਼ਾਨਾ ਬੱਸ ਵਿੱਚ ਸਫ਼ਰ ਕਿਉਂ ਕਰਦੀ ਸੀ?

(iv) ਮਦਨ ਲਾਲ ਕਿਸ ਪਰੇਸ਼ਾਨੀ ਵਿੱਚ ਆਪਣੀ ਮਾਸੀ ਦੇ ਘਰ ਆਉਂਦਾ ਹੈ?

(v) ਸਿਰਜਨਾ ਪਰੇਸ਼ਾਨ ਕਿਉਂ ਰਹਿੰਦੀ ਹੈ?

14. ਹੇਠ ਦਿੱਤੇ ਗਏ ਅਤਿ ਛੋਟੇ / ਬਹੁ ਵਿਕਲਪੀ ਪ੍ਰਸ਼ਨਾਂ ਨੂੰ ਧਿਆਨ ਨਾਲ ਪੜ੍ਹ ਕੇ ਉੱਤਰ ਦਿਓ - 1x6 = 6

(i) 'ਹੋਂਦ' ਸ਼ਬਦ ਤੋਂ ਕੀ ਭਾਵ ਹੁੰਦਾ ਹੈ?

(A) ਅੰਤ (B) ਵਜੂਦ / ਹਸਤੀ

(C) ਹੁਣੇ (D) ਵੇਖਣਾ

(ii) ਰਾਮ ਪਿਆਰੀ ਕਿੰਨੇ ਨੰਬਰ ਦੇ ਕੁਆਟਰ ਵਿੱਚ ਰਹਿੰਦੀ ਹੈ?

(A) ਦਸ (B) ਬਾਰ੍ਹਾਂ

(C) ਚੌਦਾਂ (D) ਵੀਹ

(iii) ਦਲੀਪ ਕੌਰ ਟਿਵਾਣਾ ਦੀ ਰਚੀ ਹੋਈ ਕਹਾਣੀ ਕਿਹੜੀ ਹੈ?

(A) ਜਨਮਦਿਨ (B) ਬੱਸ ਕੰਡਕਟਰ

(C) ਮੁਰਕੀਆਂ (D) ਸਾਂਝੀ ਕੰਧ

(iv) ਕਿਸ ਦਾ ਸਾਰਾ ਘਰ ਢਹਿ ਗਿਆ ਸੀ?

(A) ਦਰਬਾਰੇ ਦਾ (B) ਨਾਹਰ ਸਿੰਘ ਦਾ

(C) ਕਪੂਰ ਸਿੰਘ ਦਾ (D) ਰਾਮ ਸਿੰਘ ਦਾ

(v) ਗੁੱਡੀ ਦੀ ਬੁਗਨੀ ਵਿਚੋਂ ਕਿੰਨੇ ਪੈਸੇ ਨਿਕਲੇ ਸਨ?

(A) ਚਾਰ ਆਨੇ (B) ਗਿਆਰਾਂ ਆਨੇ

(C) ਪੰਜ ਆਨੇ (D) ਸਾਢੇ ਸੱਤ ਆਨੇ

(vi) ਪੁਲਿਸ ਨੇ ਮਦਨ ਲਾਲ ਨੂੰ ਕਿਵੇਂ ਫੜਿਆ?

(A) ਸਾਧੂਆਂ ਦਾ ਭੇਸ ਬਣਾ ਕੇ (B) ਚੋਰਾਂ ਦਾ ਭੇਸ ਬਣਾ ਕੇ

(C) ਭਿਖਾਰੀਆਂ ਦਾ ਭੇਸ ਬਣਾ ਕੇ (D) ਇਹਨਾਂ ਵਿਚੋਂ ਕੋਈ ਨਹੀਂ